**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਸਕੂਲ ਮੁਖੀ, ਪੰਜਾਬ (ਵੈਬਸਾਈਟ ਰਾਹੀਂ)

ਮੀਮੋ ਨੰ :- ਸਸਅ/2012/ਐਡਮਨ/83660
ਮਿਤੀ ਚੰਡੀਗੜ੍ਹ 14 ਅਗਸਤ, 2012

**ਵਿਸ਼ਾ: ਸਕੂਲਾਂ ਵਿਚ ਪੰਚਾਇਤਾਂ / ਅਧਿਆਪਕਾਂ ਅਤੇ ਦਾਨੀ ਸੱਜਣਾਂ ਵਲੋਂ ਦਾਨ ਕੀਤੇ ਵੱਖਰੇ ਸਕੂਲ ਫੰਡਾਂ ਸਬੰਧੀ।**

1.0 ਪੰਜਾਬ ਰਾਜ ਦੇ ਬਹੁਤ ਸਾਰੇ ਸਰਕਾਰੀ ਸਕੂਲਾਂ ਵਿੱਚ ਦਾਨੀ ਲੋਕਾਂ/ਪੰਚਾਇਤਾਂ ਅਤੇ ਅਧਿਆਪਕਾਂ ਵੱਲੋਂ ਆਪਣੇ ਪੱਧਰ ਤੇ ਯਤਨ ਕਰਕੇ ਬੱਚਿਆਂ ਦੀ ਚੰਗੀ ਪੜ੍ਹਾਈ ਅਤੇ ਸਕੂਲਾਂ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਰਕਮ ਜਮਾਂ ਕਰਵਾ ਦਿੱਤੀ ਜਾਂਦੀ ਹੈ। ਇਹ ਇਕ ਚੰਗਾ ਅਤੇ ਸ਼ਲਾਘਾ ਯੋਗ ਉੱਦਮ ਹੈ ਕਿਉਂਕਿ ਜਿੱਥੇ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਫੰਡਾਂ ਦੀ ਇਕ ਆਪਣੀ ਸੀਮਾ ਹੁੰਦੀ ਹੈ, ਉੱਥੇ ਇਨ੍ਹਾਂ ਲੋੜਵੰਦ ਵਿਦਿਆਰਥੀਆਂ ਅਤੇ ਸਕੂਲਾਂ ਦੀ ਬੇਹਤਰੀ ਲਈ ਲੋਕਾਂ ਵੱਲੋਂ ਕੀਤੇ ਜਾਣ ਵਾਲੇ ਉਪਰਾਲੇ ਅਸੀਮ ਹੁੰਦੇ ਹਨ।

2.0 ਇਹ ਸਪੱਸ਼ਟ ਹੈ ਕਿ ਇਸ ਤਰ੍ਹਾਂ ਦੇ ਫੰਡ ਕੇਵਲ ਉਨ੍ਹਾਂ ਸਕੂਲਾਂ ਵਿੱਚ ਹੀ ਮੁੱਖ ਤੌਰ ਤੇ ਇਕੱਠੇ ਹੁੰਦੇ ਹਨ ਜਿੱਥੇ ਸਕੂਲ ਮੁੱਖੀ ਅਤੇ ਅਧਿਆਪਕ ਸਮਾਜਿਕ ਜਿੰਮੇਵਾਰੀ ਅਧੀਨ ਸੰਵੇਦਨਸ਼ੀਲ ਹੁੰਦੇ ਹੋਏ ਇਸ ਕੰਮ ਲਈ ਖਾਸ ਤਰੱਦਦ ਕਰਦੇ ਹਨ ਅਤੇ ਇਸੇ ਲਈ ਇਹ ਸਕੂਲ ਮੁੱਖੀ/ਅਧਿਆਪਕ ਸ਼ਲਾਘਾ ਦੇ ਪਾਤਰ ਬਣਦੇ ਹਨ।

3.0 ਉਕਤ ਸੰਬੰਧੀ ਕਾਫੀ ਸਕੂਲ ਅਧਿਆਪਕਾਂ ਅਤੇ ਮੁਖੀਆਂ ਵੱਲੋਂ ਇਹ ਪੁੱਛਿਆ ਜਾਂਦਾ ਹੈ ਕਿ ਦਾਨੀ, ਸਮਾਜ ਸੇਵੀ, ਪੰਚਾਇਤਾਂ, ਚਾਹਵਾਨ ਸੱਜਣਾਂ ਅਤੇ ਸੰਵੇਦਨਸ਼ੀਲ ਅਧਿਆਪਕਾਂ ਵੱਲੋਂ ਜੋ ਸਕੂਲ ਭਲਾਈ ਅਤੇ ਵਿਦਿਆਰਥੀਆਂ ਦੀ ਸਹਾਇਤਾ ਲਈ ਫੰਡ ਯੋਗਦਾਨ ਵੱਲੋਂ ਦਿੱਤਾ ਜਾਂਦਾ ਹੈ, ਉਸ ਨੂੰ ਕਿਹੜੇ ਖਾਤੇ ਵਿੱਚ ਰੱਖਿਆ ਜਾਵੇ? ਇਸ ਬਾਰੇ ਦੱਸਿਆ ਜਾਂਦਾ ਹੈ ਕਿ ਸਕੂਲ ਮੁੱਖੀ ਇਸ ਸੰਬੰਧੀ ਇਕ ਵੱਖਰਾ ਬੈਂਕ ਖਾਤਾ, ਸਕੂਲ ਭਲਾਈ ਫੰਡ (School welfare fund), ਦੇ ਨਾਮ ਤੇ ਖੋਲ ਸਕਦੇ ਹਨ ਇਸ ਫੰਡ ਨੂੰ ਖਰਚਣ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ। ਇਸ ਕਮੇਟੀ ਵਿਚ ਸਕੂਲ ਮੁੱਖੀ, ਸਭ ਤੋਂ ਸੀਨੀਅਰ ਅਧਿਆਪਕ ਅਤੇ ਸਕੂਲ ਮੈਨੇਜਮੈਂਟ ਕਮੇਟੀ ਦਾ ਪ੍ਰਧਾਨ, ਮੈਂਬਰ ਵੱਜੋਂ ਲਿਆ ਜਾ ਸਕਦਾ ਹੈ ਤਾਂ ਜੋ ਇਕੱਤਰ ਹੋਏ ਫੰਡ ਨੂੰ ਵਿਦਿਆਰਥੀਆਂ ਅਤੇ ਸਕੂਲ ਦੀ ਬੇਹਤਰੀ ਲਈ ਪਾਰਦਰਸ਼ੀ ਢੰਗ ਨਾਲ ਖਰਚਿਆ ਜਾ ਸਕੇ।

4.0 ਜਿਹੜੇ ਸਕੂਲ ਅਧਿਆਪਕ/ਸਕੂਲ ਮੁੱਖੀ ਆਪਣੀ ਮਿਹਨਤ/ਲਿਆਕਤ ਅਤੇ ਲੋੜਵੰਦ ਵਿਦਿਆਰਥੀਆਂ ਪ੍ਰਤੀ ਸਮਾਜਿਕ ਜਿੰਮੇਵਾਰੀ ਦੇ ਤੌਰ ਤੇ ਕੰਮ ਕਰਦੇ ਹੋਏ ਆਪਣੇ ਪੱਧਰ ਤੇ ਯਤਨ ਕਰਕੇ ਸਕੂਲ ਅਤੇ ਵਿਦਿਆਰਥੀ ਦੀ ਪੜ੍ਹਾਈ ਲਈ ਲਕੀਰ ਤੋਂ ਹੱਟ ਕੇ ਕੰਮ ਕਰਦੇ ਹਨ ਉਨ੍ਹਾਂ ਦੀ ਹੌਸਲਾ ਅਫਜਾਈ ਅਤੇ ਸ਼ਲਾਘਾ ਕਰਨੀ ਬਣਦੀ ਹੈ। ਇਸ ਲਈ ਆਪ ਜੀ ਨੂੰ ਬੇਨਤੀ ਹੈ ਕਿ ਅਜਿਹੇ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਦੇ ਨਾਮ ਇਸ ਦਫਤਰ ਨੂੰ ਭੇਜੇ ਜਾਣ ਤਾਂ ਜੋ ਇਹਨ੍ਹਾਂ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਜਾ ਸਕਣ ਅਤੇ ਹੋਰ ਯੋਗ ਮਾਨ ਸਨਮਾਨ ਲਈ ਵਿਚਾਰਿਆ ਜਾ ਸਕੇ।

**ਸਕੱਤਰ- ਕਮ - ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**